# PC–13740/NHH

**C–2111**

ਪੰਜਾਬੀ ਲਾਜ਼ਮੀ

(Semester–V)

Time : Three Hours] [Maximum Marks : 75

## ਭਾਗ-ੳ

I. 'ਏਹ ਹਮਾਰਾ ਜੀਵਣਾ' ਨਾਵਲ ਵਿਚ ਦਲੀਪ ਕੌਰ ਟਿਵਾਣਾ ਨੇ ਕਿਹੜੀਆਂ ਮੁੱਖ ਸਮੱਸਿਆਵਾਂ ਨੂੰ ਉਭਾਰਿਆ ਹੈ? ਸਪਸ਼ਟ ਕਰੋ।

**ਜਾਂ**

'ਏਹ ਹਮਾਰਾ ਜੀਵਣਾ' ਨਾਵਲ ਦੇ ਕਲਾ-ਪੱਖ ਨੂੰ ਪੇਸ਼ ਕਰੋ। 12

II. ਕਿਸੇ **ਇਕ** ਪਾਤਰ ਦਾ ਚਰਿਤਰ ਚਿਤਰਨ ਕਰੋ :

(ੳ) ਭਾਨੋ।

(ਅ) ਨਰੈਣ। 8

## ਭਾਗ–ਅ

III. ਕਿਸੇ **ਇਕ** ਵਿਸ਼ੇ ਤੇ ਲੇਖ ਲਿਖੋ :

(ੳ) ਪੰਜਾਬੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਹੋੜ।

(ਅ) ਮਾਂ-ਬੋਲੀ ਦਾ ਮਹੱਤਵ।

(ੲ) ਕਰੋਨਾ ਮਹਾਂਮਾਰੀ ਦੌਰਾਨ ਵਿਦਿਅਕ ਪ੍ਰਣਾਲੀ ਵਿਚ ਆਈਆਂ ਮੁਸ਼ਕਿਲਾਂ। 9

IV. ਰੂਪ ਤੇ ਕਾਰਜ ਦੇ ਅਧਾਰ 'ਤੇ ਨਾਂਵ-ਵਾਕੰਸ਼ ਦੀਆਂ ਕਿਸਮਾਂ ਸਬੰਧੀ ਜਾਣਕਾਰੀ ਦਿਓ।

**ਜਾਂ**

ਕਿਰਿਆ ਵਾਕੰਸ਼ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੀ ਕਿਸਮਾਂ ਸਬੰਧੀ ਚਰਚਾ ਕਰੋ। 12

V. ਹੇਠ ਲਿਖੇ ਵਾਕਾਂ ਦੇ ਬ੍ਰੈਕਟਾਂ ਵਿਚ ਪੁੱਛੇ ਅਨੁਸਾਰ ਉੱਤਰ ਦਿਓ :

(ੳ) ਅੱਡ ਹੋਕੇ ਪਹਿਲਾਂ ਤਾਂ ਮੈਂ ਰੱਜ ਕੇ ਕੜਾਹ-ਪੂਰੀਆਂ ਖਾਧੀਆ। (ਨਾਂਵ-ਵਾਕੰਸ਼ ਚੁਣੋ)

(ਅ) ‘ਚਲ ਤੂੰ ਕਹਿਨੀ ਐਂ ਤਾਂ ਤੀਆਂ ਨੂੰ ਸੰਧਾਰਾਂ ਦੇ ਆਉਂਗਾ। (ਕਿਰਿਆ ਵਾਕੰਸ਼ ਚੁਣੋ)

(ੲ) ‘ਹੁਣੇ ਚੱਕ ਲਿਆਮਾ ਫੇਰ ਤਾਂ ਬਾਹਲਾ ਨੇਗੁ ਹੋਜੂ।’ (ਕਾਲਕੀ ਕਿਰਿਆ ਚੁਣੋ)

(ਸ) ਰਾਜਬੀਰ ਨੇ ਚਿੱਠੀ ਨਹੀਂ ਲਿਖੀ।

(ਕਰਮ ਨਾਂਵ-ਵਾਕੰਸ਼ ਚੁਣੋ)

4×1=4

## ਭਾਗ-ੲ

VI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਭਾਨੋ ਪਹਿਲਾਂ ਕਿਸ ਨਾਲ ਵਿਆਹੀ ਹੋਈ ਸੀ?
2. ਨਰੈਣ ਨੇ ਭਾਨੋ ਨੂੰ ਕਿਉਂ ਕੁੱਟਿਆ ਅਤੇ ਕਿਸ ਨੇ ਆਕੇ ਕੁੱਟਣ ਤੋਂ ਬਚਾਇਆ?
3. 'ਏਹ ਹਮਾਰਾ ਜੀਵਣਾ' ਨਾਵਲ ਦਾ ਸਿਰਲੇਖ ਢੁੱਕਵਾਂ ਹੈ? ਸਪਸ਼ਟ ਕਰੋ।
4. 'ਏਹ ਹਮਾਰਾ ਜੀਵਣਾ' ਨਾਵਲ ਵਿਚ ਪੇਸ਼ ਔਰਤ ਪਾਤਰਾਂ ਦੇ ਨਾਂ ਦੱਸੋ।
5. 'ਏਹ ਹਮਾਰਾ ਜੀਵਣਾ' ਨਾਵਲ ਕਿਹੜੀ ਮੁੱਖ ਸਮੱਸਿਆ ਨਾਲ ਸਬੰਧਿਤ ਹੈ?
6. ਬੀਬੀ ਕਰਤਾਰੀ ਕੌਣ ਸੀ?
7. ਭਾਨੋ ਦੇ ਸਿਰ ਵਿਚ ਸੱਟ ਕਿਵੇਂ ਲੱਗੀ?
8. ਜਾਗਰ ਕਿਹੋ ਜਿਹੇ ਸੁਭਾਅ ਦਾ ਮਾਲਕ ਸੀ?
9. ਨਾਂਵ-ਵਾਕੰਸ਼ ਦੀ ਪਰਿਭਾਸ਼ਾ ਲਿਖੋ।

10. ਸਹਾਇਕ ਕਿਰਿਆ ਕੀ ਹੁੰਦੀ ਹੈ?

11. ਕਰਮ ਨਾਂਵ-ਵਾਕੰਸ਼ ਕੀ ਹੁੰਦਾ ਹੈ?

12. ਕਾਲਕੀ ਕਿਰਿਆ ਕੀ ਹੁੰਦੀ ਹੈ?

13. ਮੁੱਢਲੀ ਸੰਚਾਲਕ ਕਿਰਿਆ ਦੀ ਉਦਾਹਰਨ ਲਿਖੋ।

14. ਕਿਰਿਆ ਵਾਕੰਸ਼ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

15. ਸੰਬੰਧਕ ਸਹਿਤ ਨਾਂਵ-ਵਾਕੰਸ਼ ਵਾਲਾ ਇਕ ਵਾਕ ਲਿਖੋ।

15×2=30

———————